WCAT Workers' Compensation Appeal Tribunal

ਆਪਣੀ ਅਪੀਲ ਦਾ ਔਨਲਾਈਨ ਪ੍ਰਬੰਧ ਕਿਵੇਂ ਕਰੀਏ

ਇਹ ਜਾਣਕਾਰੀ ਇਹ ਦੱਸਦੀ ਹੈ ਕਿ WCAT ਦੀਆਂ ਔਨਲਾਈਨ ਸੇਵਾਵਾਂ ਲਈ ਕਿਵੇਂ ਸਾਈਨ ਅੱਪ ਕਰਨਾ ਹੈ। ਜ਼ਿਆਦਾ ਜਾਣਕਾਰੀ ਔਨਲਾਈਨ ਦੇਖੋ: wcat.bc.ca

# WCAT ਦੀਆਂ ਔਨਲਾਈਨ ਸੇਵਾਵਾਂ

WCAT ਦੀਆਂ ਔਨਲਾਈਨ ਸੇਵਾਵਾਂ ਤੁਹਾਨੂੰ ਇਹ ਕਰਨ ਦਿੰਦੀਆਂ ਹਨ:

- ਆਪਣੀ ਅਪੀਲ ਬਾਰੇ ਜਾਣਕਾਰੀ ਚੈੱਕ ਕਰਨੀ, ਜਿਵੇਂ ਕਿ ਮਹੱਤਵਪੂਰਨ ਤਾਰੀਖਾਂ
- ਅਪੀਲ ਬਾਰੇ ਨਵੀਂ ਜਾਣਕਾਰੀ ਦੀ ਸੂਚਨਾ ਪ੍ਰਾਪਤ ਕਰਨੀ
- WCAT ਨੂੰ ਸਬੂਤ ਜਾਂ ਜਾਣਕਾਰੀ ਭੇਜਣੀ

## WCAT ਦੀਆਂ ਔਨਲਾਈਨ ਸੇਵਾਵਾਂ ਕੌਣ ਵਰਤ ਸਕਦਾ ਹੈ?

- ਤੁਹਾਡੀ ਅਪੀਲ ਕੰਪਨਸੇਸ਼ਨ, ਕਿੱਤਾਮੁਖੀ ਸਿਹਤ ਅਤੇ ਸੁਰੱਖਿਆ, ਜਾਂ ਅਸੈੱਸਮੈਂਟ ਬਾਰੇ ਹੈ। ਕੁਝ ਅਪੀਲਾਂ WCAT ਦੀਆਂ ਔਨਲਾਈਨ ਸੇਵਾਵਾਂ 'ਤੇ ਦਿਖਾਈ ਨਹੀਂ ਦਿੰਦੀਆਂ, ਜਿਵੇਂ ਕਿ ਵਰਜਿਤ ਕਾਰਵਾਈ ਦੀਆਂ ਅਪੀਲਾਂ ਜਾਂ ਅਦਾਲਤ ਵਿੱਚ ਦਿੱਤੀਆਂ ਸਰਟੀਫਿਕੇਟ ਲਈ ਅਰਜ਼ੀਆਂ।
- ਤੁਸੀਂ ਅਪੀਲ ਸ਼ੁਰੂ ਕੀਤੀ ਹੈ, ਇਸ ਦਾ ਜਵਾਬ ਦੇ ਰਹੇ ਹੋ, ਜਾਂ ਕਿਸੇ ਅਜਿਹੇ ਵਿਅਕਤੀ ਦੀ ਨੁਮਾਇੰਦਗੀ ਕਰਦੇ ਹੋ ਜਿਸ ਨੇ ਸ਼ੁਰੂ ਕੀਤੀ ਜਾਂ ਜਵਾਬ ਦੇ ਰਿਹਾ ਹੈ।
- ਵਰਕਸੇਫਬੀਸੀ ਨੇ ਅਪੀਲ ਦਰਜ (ਰਜਿਸਟਰਡ) ਕੀਤੀ ਹੈ।

WCAT ਦੀਆਂ ਔਨਲਾਈਨ ਸੇਵਾਵਾਂ ਤੱਕ ਇੱਥੇ ਪਹੁੰਚ ਕਰੋ: WCAT.BC.CA > ONLINE SERVICES

## ਪਹਿਲੀ ਵਾਰ ਸਾਈਨ-ਇਨ ਕਰਨ ਲਈ

**ਕਦਮ 1: ਖਾਤਾ ਬਣਾਓ**

✓ wcat.bc.ca > online services 'ਤੇ ਜਾਓ

✓ ਖਾਤਾ ਬਣਾਓ 'ਤੇ ਕਲਿੱਕ ਕਰੋ।

**ਕਦਮ 2: ਆਪਣੇ ਈਮੇਲ ਪਤੇ ਦੀ ਪੁਸ਼ਟੀ ਕਰੋ**

✓ ਤੁਹਾਨੂੰ ਈਮੇਲ ਕੀਤਾ ਗਿਆ ਕੋਡ ਦਰਜ ਕਰੋ

**ਕਦਮ 3: ਹੇਠ ਲਿਖੀਆਂ ਚੀਜ਼ਾਂ ਦੇ ਕੇ ਆਪਣੀ ਪਛਾਣ ਦੀ ਪੁਸ਼ਟੀ ਕਰੋ**

✓ ਆਪਣਾ ਪਹਿਲਾ ਅਤੇ ਪਿਛਲਾ ਨਾਮ, ਬਿਲਕੁਲ ਉਵੇਂ ਜਿਵੇਂ ਉਹ WCAT ਤੋਂ ਆਈਆਂ ਚਿੱਠੀਆਂ 'ਤੇ ਦਿਖਾਈ ਦਿੰਦੇ ਹਨ

✓ ਇੱਕ ਈਮੇਲ ਪਤਾ ਜੋ ਤੁਸੀਂ ਆਮ ਤੌਰ 'ਤੇ ਚੈੱਕ ਕਰਦੇ ਹੋ

✓ ਅਪੀਲ ਨੰਬਰ ਜੋ ਪਹਿਲਾਂ ਹੀ WCAT 'ਤੇ ਸ਼ੁਰੂ ਕੀਤਾ ਜਾ ਚੁੱਕੀ ਹੈ

✓ ਤੁਹਾਡੀ ਭੂਮਿਕਾ ਦੇ ਆਧਾਰ 'ਤੇ ਤੁਹਾਨੂੰ ਇਹ ਦੇਣ ਦੀ ਲੋੜ ਹੋਵੇਗੀ:

- **ਵਰਕਰਾਂ ਲਈ:** ਆਪਣਾ ਪਰਸਨਲ ਹੈਲਥ ਨੰਬਰ ਜਾਂ ਜਨਮ ਮਿਤੀ ਦਿਓ
- **ਇਮਪਲੋਏਅਰਾਂ ਲਈ:** ਆਪਣੇ ਇਮਪਲੋਏਅਰ ਜਾਂ ਫਰਮ ਦਾ ਨਾਮ ਜਾਂ ਇਮਪਲੋਏਅਰ ਅਪੀਲ ਨੰਬਰ (ਈ ਏ ਐਨ) ਦਿਓ

**ਮਦਦ ਚਾਹੀਦੀ ਹੈ?** WCAT ਨੂੰ ਫੋਨ ਕਰੋ।